Alberta

# ਨਿਊਜ਼ ਰਿਲੀਜ਼

# ਕਲਾਸਰੂਮਾਂ 'ਚ ਵਧੇਰੇ ਵਿਦਿਆਰਥੀਆਂ ਦੀ ਸਹਾਇਤਾ ਕਰਨਾਂ

9 ਮਾਰਚ 2023

ਬੱਜਟ 2023 ਅਗਲੇ ਤਿੰਨ ਸਾਲਾਂ ਦੌਰਾਨ ਸਕੂਲਾਂ ਵਿੱਚ ਦਾਖਲੇ ਦੇ ਵਾਧੇ ਨਾਲ ਨਿਪਟਣ 'ਚ ਸਹਾਇਤਾ ਦੇਣ ਲਈ 820 ਮਿਲੀਅਨ ਡਾਲਰ ਤੋਂ ਵੱਧ ਮੁਹੱਈਆ ਕਰਦਾ ਹੈ।

ਐਲਬਰਟਾ ਵਿੱਚ ਆਬਾਦੀ 'ਚ ਤਕੜੇ ਵਾਧੇ ਦੇ ਨਤੀਜੇ ਵਜੋਂ ਰਿਕਾਰਡ ਦਾਖਲਾ ਹੋਇਆ ਹੈ, ਨਾਲ ਹੀ ਸਤੰਬਰ 2023 ਵਿੱਚ 19,000 ਤੋਂ ਜ਼ਿਆਦਾ ਵਧੀਕ ਵਿਦਿਆਰਥੀਆਂ ਦੇ ਸਕੂਲ ਸਿਸਟਮ ਵਿੱਚ ਦਾਖਲ ਹੋਣ ਦੀ ਉਮੀਦ ਹੈ।

ਅਗਲੇ ਤਿੰਨ ਸਾਲਾਂ ਦੌਰਾਨ, ਸਿੱਖਿਆ ਵਿਭਾਗ ਦੇ ਸੰਚਾਲਨ ਖਰਚੇ ਵਿੱਚ 2 ਬਿਲੀਅਨ ਡਾਲਰ ਦੇ ਨੇੜੇ ਤੇੜੇ ਦਾ ਵਾਧਾ ਹੋ ਰਿਹਾ ਹੈ। ਇਹ ਅਧਿਆਪਕਾਂ, ਵਿਦਿਅਕ ਸਹਾਇਕਾਂ, ਬੱਸ ਡਰਾਈਵਰਾਂ ਅਤੇ ਸਕੂਲ ਸਹਾਇਤਾ ਸਟਾਫ਼ ਸਮੇਤ ਲਗਭਗ 3,000 ਸਿੱਖਿਆ ਸਟਾਫ਼ ਦੀ ਭਰਤੀ ਵਿੱਚ ਸਹਾਇਤਾ ਦੇਵੇਗਾ ਅਤੇ ਅਧਿਕਾਰੀਆਂ ਨੂੰ ਕਲਾਸਾਂ ਦੇ ਵਧ ਰਹੇ ਆਕਾਰ ਦਾ ਪ੍ਰਬੰਧਨ ਕਰਨ ਵਿੱਚ ਮਦਦ ਕਰੇਗਾ।

ਦਾਖਲਿਆਂ ਲਈ ਫੰਡਿੰਗ ਵਿੱਚ ਵਾਧੇ ਸਕੂਲ ਅਧਿਕਾਰੀਆਂ ਨੂੰ ਮੌਜੂਦਾ ਗਰਾਂਟਾਂ ਦੁਆਰਾ ਮੁਹੱਈਆ ਕੀਤੇ ਜਾਣਗੇ ਜਿਨ੍ਹਾਂ ਵਿੱਚ ਦਾਖਲਿਆਂ ਦੇ ਹਿੱਸੇ ਸ਼ਾਮਲ ਹਨ। ਇਸ ਵਿੱਚ ਅਰਲੀ ਚਾਈਲਡਹੁੱਡ ਸਰਵਿਸਿਜ਼ ਤੇ ਗਰੇਡ 1-9 ਬੇਸ ਇੰਸਟ੍ਰੱਕਸ਼ਨ ਗਰਾਂਟ ਅਤੇ ਹਾਈ ਸਕੂਲ (ਗਰੇਡ 10-12) ਬੇਸ ਇੰਸਟ੍ਰੱਕਸ਼ਨ ਗਰਾਂਟ, ਤੇ ਨਾਲ ਦੀ ਨਾਲ ਸੇਵਾਵਾਂ ਅਤੇ ਸਹਾਇਤਾ ਸ਼੍ਰੇਣੀ ਵਿਚਲੀਆਂ ਗਰਾਂਟਾਂ, ਜਿਵੇਂ ਕਿ ਸਪੈਸ਼ਲਾਈਜ਼ਡ ਲਰਨਿੰਗ ਸੁਪੋਰਟ, ਇੰਗਲਿਸ਼ ਐਜ਼ ਐਨ ਐਡੀਸ਼ਨਲ ਲੈਂਗੁਏਜ ਅਤੇ ਪ੍ਰੋਗਰਾਮ ਯੂਨਿਟ ਫੰਡਿੰਗ ਸ਼ਾਮਲ ਹਨ। ਆਪਰੇਸ਼ਨ ਐਂਡ ਮੇਨਟਿਨੈਂਸ ਗਰਾਂਟ ਵਿੱਚ ਵੀ ਦਾਖਲਿਆਂ ਲਈ ਇਕ ਹਿੱਸਾ ਸ਼ਾਮਲ ਹੈ। ਮੁਹੱਈਆ ਕੀਤੀ ਗਈ ਲਚਕਦਾਰ ਫੰਡਿੰਗ ਸਥਾਨਕ ਅਧਿਕਾਰੀਆਂ ਨੂੰ ਇਹ ਫੈਸਲੇ ਲੈਣ ਦੀ ਆਗਿਆ ਦਿੰਦੀ ਹੈ ਕਿ ਉਹ ਆਪਣੇ ਵਿਦਿਆਰਥੀਆਂ ਦੀ ਸਹਾਇਤਾ ਲਈ ਫੰਡਿੰਗ ਦੀ ਸਭ ਤੋਂ ਵਧੀਆ ਵਰਤੋਂ ਕਿਵੇਂ ਕਰ ਸਕਦੇ ਹਨ।

ਸਕੂਲ ਅਥਾਰਿਟੀਆਂ ਲਈ 2023/24 ਸਕੂਲੀ ਸਾਲ ਲਈ ਫੰਡਿੰਗ ਮੈਨੂਅਲ ਅਤੇ ਅਨੁਮਾਨਿਤ ਆਪਰੇਸ਼ਨਲ ਫੰਡਿੰਗ ਪ੍ਰੋਫਾਈਲਾਂ 9 ਮਾਰਚ ਨੂੰ ਜਾਰੀ ਕੀਤੀਆਂ ਜਾ ਰਹੀਆਂ ਹਨ, ਜੋ ਸਕੂਲ ਅਥਾਰਿਟੀਆਂ ਨੂੰ ਆਉਣ ਵਾਲੇ ਸਾਲ ਲਈ ਉਨ੍ਹਾਂ ਦੀ ਫੰਡਿੰਗ ਦੀ ਜਾਣਕਾਰੀ ਪ੍ਰਦਾਨ ਕਰਦੀਆਂ ਹਨ।

### ਸਬੰਧਿਤ ਜਾਣਕਾਰੀ

ਬੱਜਟ 2023

ਸਕੂਲ ਅਥਾਰਿਟੀਆਂ ਲਈ ਫੰਡਿੰਗ ਮੈਨੂਅਲ

### ਮੀਡੀਆ ਪੁੱਛਗਿੱਛ

ਐਮਿਲੀ ਪੈੱਕਹੈਮ
Emily.peckham@gov.ab.ca
587-985-4305
ਪ੍ਰੈੱਸ ਸੈਕਟਰੀ, ਐਜੂਕੇਸ਼ਨ

ਨਿਊਜ਼ ਰਿਲੀਜ਼

*ਬੱਜਟ 2023 ਲੋਕਾਂ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਲਈ ਸਿਹਤ-ਸੰਭਾਲ ਪ੍ਰਬੰਧ ਵਿੱਚ ਪ੍ਰੀਵਰਤਨ ਲਿਆਉਣ, ਆਪਣੀਆਂ ਕਮਿਊਨਿਟੀਆਂ ਨੂੰ ਸੁਰੱਖਿਅਤ ਕਰਨ, ਅਤੇ ਵਧੇਰੇ ਨੌਕਰੀਆਂ, ਮਿਆਰੀ ਸਿੱਖਿਆ ਅਤੇ ਨਿਰੰਤਰ ਵਿਭਿੰਨਤਾ ਨਾਲ ਆਰਥਿਕਤਾ 'ਚ ਵਾਧਾ ਲਿਆਉਣ ਦੁਆਰਾ ਐਲਬਰਟਾ ਦੇ ਭਵਿੱਖ ਨੂੰ ਸੁਰੱਖਿਅਤ ਕਰਦਾ ਹੈ।*

.

**ਪ੍ਰਮੁੱਖ ਤੱਥ**

- ਪਿਛਲੀ ਪੱਤਝੜ ਰੁੱਤੇ, ਸਰਕਾਰ ਨੇ ਦਾਖਲਿਆਂ 'ਚ ਵਾਧੇ ਲਈ ਇੱਕ ਨਵੀਂ ਪੂਰਕ ਗਰਾਂਟ ਦੀ ਘੋਸ਼ਣਾ ਕੀਤੀ ਜਿਸ 'ਚ ਸਕੂਲ ਅਥਾਰਿਟੀਆਂ ਨੂੰ 21 ਮਿਲੀਅਨ ਡਾਲਰ ਤੋਂ ਜ਼ਿਆਦਾ ਦੀ ਵਧੀਕ ਫੰਡਿੰਗ ਪ੍ਰਦਾਨ ਕੀਤੀ ਗਈ। ਇਹ ਗਰਾਂਟ 2023-24 ਸਕੂਲੀ ਸਾਲ ਵਿੱਚ ਉਪਲਬਧ ਹੁੰਦੀ ਰਹੇਗੀ।
- ਐਲਬਰਟਾ ਸਿੱਖਿਆ ਵਿਭਾਗ ਨੇ ਦਾਖਲਿਆਂ ਵਿੱਚ ਮਹੱਤਵਪੂਰਨ ਵਾਧੇ ਨਾਲ ਨਿਪਟਣ 'ਚ ਸਹਾਇਤਾ ਕਰਨ ਲਈ ਸਕੂਲ ਅਥਾਰਿਟੀਆਂ ਨੂੰ 2022-23 ਸਕੂਲੀ ਸਾਲ ਵਿੱਚ ਸਪਲੀਮੈਂਟਲ ਐਨਰੋਲਮੈਂਟ ਗਰੋਥ (SEG) ਗਰਾਂਟ ਪੇਸ਼ ਕੀਤੀ।
- ਸਪਲੀਮੈਂਟਲ ਐਨਰੋਲਮੈਂਟ ਗਰੋਥ ਗਰਾਂਟ ਨੇ 2022-23 ਸਕੂਲੀ ਸਾਲ ਵਿੱਚ ਦਾਖਲਿਆਂ ਵਿੱਚ ਦੋ ਪ੍ਰਤੀਸ਼ਤ ਤੋਂ ਵੱਧ ਦੇ ਵਾਧੇ ਲਈ ਅਥਾਰਿਟੀ ਲਈ ਪ੍ਰਤੀ-ਵਿਦਿਆਰਥੀ ਵਧੀਕ ਫੰਡਿੰਗ ਪ੍ਰਦਾਨ ਕੀਤੀ। ਸਪਲੀਮੈਂਟਲ ਐਨਰੋਲਮੈਂਟ ਗਰੋਥ ਗਰਾਂਟ, ਵੇਟਿਡ-ਮੂਵਿੰਗ-ਐਵਰੇਜ-ਅਧਾਰਿਤ ਵੰਡਾਂ ਤੋਂ ਇਲਾਵਾ, ਉਨ੍ਹਾਂ ਸਕੂਲ ਅਥਾਰਿਟੀਆਂ ਨੂੰ ਵਧੀਕ ਫੰਡ ਪ੍ਰਦਾਨ ਕਰੇਗੀ ਜਿਨ੍ਹਾਂ 'ਚ ਮਹੱਤਵਪੂਰਨ ਵਾਧਾ ਹੁੰਦਾ ਹੈ।
- ਅਗਲੇ ਤਿੰਨ ਸਾਲਾਂ ਦੌਰਾਨ, ਸਰਕਾਰ ਸਕੂਲ ਅਥਾਰਿਟੀਆਂ ਨੂੰ ਦਾਖਲਿਆਂ ਵਿੱਚ ਵਾਧੇ ਨਾਲ ਨਿਪਟਣ 'ਚ ਸਹਾਇਤਾ ਕਰਨ ਲਈ 820 ਮਿਲੀਅਨ ਡਾਲਰ ਤੋਂ ਵੱਧ ਦੇ ਵਧੀਕ ਫੰਡ ਪ੍ਰਦਾਨ ਕਰੇਗੀ।
- ਅਸੀਂ ਸਕੂਲ ਅਥਾਰਿਟੀਆਂ ਨੂੰ ਅਧਿਆਪਕਾਂ ਅਤੇ ਕਲਾਸਰੂਮ ਸਹਾਇਕ ਸਟਾਫ਼ ਸਮੇਤ ਵਾਧੂ ਸਟਾਫ਼ ਭਰਤੀ ਕਰਨ 'ਚ ਸਹਾਇਤਾ ਕਰਨ ਲਈ ਫੰਡ ਪ੍ਰਦਾਨ ਕਰਨ ਦੁਆਰਾ ਕਲਾਸਾਂ ਦੇ ਵਧ ਰਹੇ ਆਕਾਰ ਦੇ ਪ੍ਰਬੰਧਨ ਵਿੱਚ ਮਦਦ ਕਰ ਰਹੇ ਹਾਂ।
- 2020-21 ਸਕੂਲੀ ਸਾਲ ਵਿੱਚ, ਸਕੂਲ ਬੋਰਡਾਂ ਨੂੰ ਲਗਭਗ 730,000 ਵਿਦਿਆਰਥੀਆਂ ਲਈ ਫੰਡ ਦਿੱਤੇ ਗਏ ਸਨ ਅਤੇ ਅਸਲ ਹਾਜ਼ਰੀ 705,000 ਸੀ।
- 2021-22 ਸਕੂਲੀ ਸਾਲ ਵਿੱਚ, ਸਕੂਲ ਬੋਰਡਾਂ ਨੂੰ ਲਗਭਗ 730,000 ਵਿਦਿਆਰਥੀਆਂ ਲਈ ਫੰਡ ਦਿੱਤੇ ਗਏ ਸਨ ਅਤੇ ਅਸਲ ਹਾਜ਼ਰੀ ਲਗਭਗ 716,000 ਸੀ।
- ਸਕੂਲ ਅਧਿਕਾਰ ਖੇਤਰਾਂ ਦੀ ਮਜ਼ਬੂਤ ਵਿੱਤੀ ਹਾਲਤ ਟੈਕਸਪੇਅਰਾਂ ਦੁਆਰਾ ਫੰਡ ਕੀਤੇ ਗਏ ਰਿਜ਼ਰਵਾਂ ਦੁਆਰਾ ਪ੍ਰਦਰਸ਼ਿਤ ਹੋਣੀ ਜਾਰੀ ਰਹਿੰਦੀ ਹੈ, ਜੋ 31 ਅਗਸਤ 2022 ਤੱਕ 407 ਮਿਲੀਅਨ ਡਾਲਰ ਰਿਪੋਰਟ ਕੀਤੇ ਗਏ।